بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 17 ਅਕਤੂਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਜਿਵੇਂ ਕਿ ਪਿਛਲੇ ਖ਼ੁਤਬੇ ਵਿੱਚ ਗ਼ਜ਼ਵਾ ਤਬੂਕ ਦੇ ਬਾਰੇ ਕੁੱਝ ਜ਼ਿਕਰ ਹੋਇਆ ਸੀ, ਉਸ ਦੀ ਕੁੱਝ ਹੋਰ ਤਫ਼ਸੀਲ ਅੱਜ ਬਿਆਨ ਕਰਾਂਗਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਗ਼ਜ਼ਵਾ ਤਬੂਕ ਦਾ **ਪਿਛੋਕੜ** ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੱਕਾ ਫ਼ਤਿਹ ਕੀਤਾ ਤਾਂ ਅਬੂ ਆਮਿਰ ਮਦਨੀ ਜਿਹੜਾ ਖ਼ਜ਼ਰਜ ਕ਼ਬੀਲੇ ਵਿੱਚੋਂ ਸੀ ਅਤੇ **ਯਹੂਦੀਆਂ** ਅਤੇ **ਇਸਾਈਆਂ** ਨਾਲ਼ ਮੇਲ ਮੁਲਾਕ਼ਾਤ ਦੀ ਵਜ੍ਹਾ ਨਾਲ਼ ਜ਼ਿਕਰ ਅਤੇ ਵਜ਼ੀਫ਼ਿਆਂ ਦਾ ਆਦੀ ਸੀ ਅਤੇ ਲੋਕ ਉਸਨੂੰ **ਰਾਹਿਬ** ਕਹਿੰਦੇ ਸਨ। ਪਰ ਧਾਰਮਿਕ ਤੌਰ 'ਤੇ ਇਸਾਈ ਨਹੀਂ ਸੀ। ਇਹ ਸ਼ਖ਼ਸ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮਦੀਨੇ ਆਮਦ ਦੇ ਬਾਅਦ ਮੱਕੇ ਭੱਜ ਗਿਆ। ਜਦ ਮੱਕਾ ਵੀ **ਫ਼ਤਿਹ** ਹੋ ਗਿਆ ਤਾਂ ਇਹ ਸੋਚਣ ਲੱਗਾ ਕਿ ਇਸਲਾਮ ਦੇ ਖ਼ਿਲਾਫ਼ ਫ਼ਸਾਦ ਪੈਦਾ ਕਰਨ ਦੇ ਲਈ ਕੋਈ ਨਵੀਂ **ਤਦਬੀਰ** ਸੋਚਣੀ ਚਾਹੀਦੀ ਹੈ। ਆਖ਼ਿਰ ਉਸ ਨੇ ਆਪਣਾ **ਨਾਮ** ਅਤੇ **ਭੇਸ** ਬਦਲਿਆ ਅਤੇ ਮਦੀਨੇ ਦੇ ਕੋਲ਼ ਕ਼ਿਬਾ ਨਾਮੀ ਪਿੰਡ ਵਿੱਚ ਰਹਿਣਾ ਸ਼ੁਰੂ ਕੀਤਾ। ਸਾਲਾਂ ਸਾਲ ਬਾਹਰ ਰਹਿਣ ਦੀ ਵਜ੍ਹਾ ਨਾਲ਼ ਮਦੀਨੇ ਦੇ ਲੋਕਾਂ ਨੇ ਉਸਨੂੰ ਨਾ ਪਛਾਣਿਆ। ਉਸ ਨੇ ਮਦੀਨੇ ਦੇ ਮੁਨਾਫ਼ਿਕ਼ਾਂ ਦੇ ਨਾਲ਼ ਮਿਲ਼ ਕੇ ਇਹ ਤਦਬੀਰ ਕੀਤੀ ਕਿ ਮੈਂ ਸ਼ਾਮ ਵਿੱਚ ਜਾ ਕੇ ਇਸਾਈ **ਹਕੂਮਤ** ਅਤੇ ਅਰਬ ਇਸਾਈ ਕ਼ਬੀਲਿਆਂ ਨੂੰ ਭੜਕਾਉਂਦਾ ਹਾਂ ਅਤੇ ਉਨ੍ਹਾਂ ਨੂੰ ਮਦੀਨੇ 'ਤੇ ਹਮਲਾ ਕਰਨ ਦੇ ਲਈ ਤਹਿਰੀਕ ਕਰਦਾ ਹਾਂ। ਇੱਧਰ ਤੁਸੀਂ ਇਹ ਮਸ਼ਹੂਰ ਕਰ ਦਿਓ ਕਿ ਸ਼ਾਮੀ ਫ਼ੌਜਾਂ ਮਦੀਨੇ 'ਤੇ ਹਮਲਾ ਕਰਨ ਵਾਲ਼ੀਆਂ ਹਨ।

ਆਉਣ ਵਾਲ਼ੀਆਂ ਖ਼ਬਰਾਂ ਦੇ ਪੇਸ਼ਿ ਨਜ਼ਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਨਤੀਜੇ 'ਤੇ ਪਹੁੰਚੇ ਕਿ ਜੇਕਰ **ਰੋਮੀਆਂ** ਨਾਲ਼ ਮੁਕ਼ਾਬਲਾ ਕਰਨ ਵਿੱਚ ਦੇਰ ਕੀਤੀ ਤਾਂ ਇਸ ਦਾ ਨੁਕ਼ਸਾਨ ਜ਼ਿਆਦਾ ਹੋਵੇਗਾ, ਇਸ ਲਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ੈਸਲਾ ਕੀਤਾ ਕਿ ਰੋਮੀਆਂ ਨੂੰ ਹਮਲੇ ਦਾ ਮੌਕ਼ਾ ਦਿੱਤੇ ਬਗ਼ੈਰ ਉਨ੍ਹਾਂ ਦੇ ਇਲਾਕ਼ੇ ਵਿੱਚ ਜਾ ਕੇ **ਫ਼ੈਸਲਾ ਕੁੰਨ** ਜੰਗ ਕੀਤੀ ਜਾਵੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਮ ਤੌਰ 'ਤੇ ਆਪਣੀ ਜੰਗੀ ਮੁਹਿੰਮਾਂ ਨੂੰ **ਖ਼ੁਫ਼ੀਆ** ਰੱਖਿਆ ਕਰਦੇ ਸਨ ਪਰ ਖ਼ੈਬਰ ਦੇ ਬਾਅਦ ਤਬੂਕ ਦੀ ਮੁਹਿੰਮ ਅਜਿਹੀ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਮ ਐਲਾਨ ਫ਼ਰਮਾ ਦਿੱਤਾ ਅਤੇ ਰਸਤੇ ਦੀਆਂ **ਮੁਸ਼ਕਿਲਾਂ** ਅਤੇ ਦੁਸ਼ਮਣ ਦੀ **ਬਹੁਤਾਤ** ਬਾਰੇ ਪਹਿਲਾਂ ਹੀ ਦੱਸ ਦਿੱਤਾ।

ਇਹ **ਔੜ** ਦਾ ਸਾਲ ਸੀ, ਅਨਾਜ ਦੀ ਤੰਗੀ ਸੀ, ਲੋਕ ਆਪਣੀਆਂ ਫ਼ਸਲਾਂ ਸਮੇਟਣ ਦੀ ਫ਼ਿਕਰ ਅਤੇ ਤਿਆਰੀ ਵਿੱਚ ਸਨ ਕਿ ਜਿਹਾਦ 'ਤੇ ਨਿਕਲਣ ਦਾ ਐਲਾਨ ਹੋ ਗਿਆ। **ਗਰਮੀ** ਦਾ ਮੌਸਮ ਸੀ, ਸੈਂਕੜਾਂ **ਮੀਲ** ਦਾ ਸਫ਼ਰ ਅਤੇ ਰਾਹ ਭੱਤੇ (ਜ਼ਾਦਿ ਰਾਹ) ਦੀ ਤੰਗੀ ਇਸ ਦੇ ਇਲਾਵਾ ਸੀ। ਇਨ੍ਹਾਂ ਸਭ ਮਸਲਿਆਂ ਦੇ ਹੁੰਦੇ ਹੋਏ ਆਂਹਜ਼ਰਤ ਸੱਲ-ਲੱਲਾਹੁ

ਅਲੈਹਿ-ਵਸੱਲਮ ਦੇ ਵੱਲੋਂ ਜਦ ਜਿਹਾਦ ‘ਤੇ ਜਾਣ ਦਾ ਹੁਕਮ ਹੋਇਆ ਤਾਂ **ਜਾਂਨਿਸਾਰ** ਸਹਾਬਾ ਜਿਹਾਦ ਦੀ ਤਿਆਰੀ ਕਰਨ ਲੱਗ ਪਏ।

ਇਸ ਮੌਕ਼ੇ ‘ਤੇ ਅਮੀਰ ਸਹਾਬਾ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ੁਰਬਾਨੀ ਦੀ ਤਹਿਰੀਕ ਕੀਤੀ ਤਾਂ ਸਭ ਤੋਂ ਪਹਿਲਾਂ ਹਜ਼ਰਤ ਅਬੂ ਬਕਰ ਸਿੱਦੀਕ਼ ਰਜ਼ਿ ਅੱਲਾਹੁ ਅਨਹੁ ਆਪਣੇ ਘਰ ਦਾ ਸਾਰਾ **ਸਮਾਨ** ਲੈ ਕੇ ਹਾਜ਼ਿਰ ਹੋਏ। ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ 300 ਤਿਆਰ ਊਠ ਕਜਾਵਿਆਂ ਸਮੇਤ ਇਸ ਜੰਗ ਦੇ ਮੌਕ਼ੇ ‘ਤੇ ਪੇਸ਼ ਕੀਤੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਸਮਾਨ ‘ਤੇ ਕੋਈ **ਗਿਰਿਫ਼ਤ** ਨਹੀਂ, ਜੋ ਵੀ ਉਸਨੇ ਇਸਦੇ ਬਾਅਦ ਕੀਤਾ। ਇੱਕ ਰਿਵਾਇਤ ਦੇ ਮੁਤਾਬਿਕ਼ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਇਸ ਮੌਕ਼ੇ ‘ਤੇ ਇੱਕ ਹਜ਼ਾਰ ਦੀਨਾਰ ਵੀ ਪੇਸ਼ ਕੀਤੇ ਸਨ। ਇੱਕ ਹੋਰ ਰਿਵਾਇਤ ਦੇ ਮੁਤਾਬਿਕ਼ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਇਸ ਮੌਕ਼ੇ ‘ਤੇ ਇੱਕ ਹਜ਼ਾਰ ਊਠ ਅਤੇ ਸੱਤਰ ਘੋੜੇ ਪੇਸ਼ ਕੀਤੇ। ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਇਸ ਜੰਗ ਦੇ ਸਾਰੇ ਖ਼ਰਚੇ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਬਰਦਾਸ਼ਤ ਕੀਤੇ ਸਨ।

ਹਜ਼ਰਤ ਅਬਦੁਰ ਰਹਿਮਾਨ ਬਿਨ ਔਫ਼ ਰਜ਼ਿ ਅੱਲਾਹੁ ਅਨਹੁ ਦੇ ਬਾਰੇ ਮਜ਼ਕੂਰ ਹੈ ਕਿ ਉਨ੍ਹਾਂ ਨੇ ਇਸ ਮੌਕ਼ੇ ‘ਤੇ ਸੌ ਜਾਂ ਇੱਕ ਰਿਵਾਇਤ ਦੇ ਮੁਤਾਬਿਕ਼ ਦੋ ਸੌ ਜਾਂ ਚਾਰ ਸੌ ਔਕ਼ੀਆ **ਚਾਂਦੀ** ਪੇਸ਼ ਕੀਤੀ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਮਾਅਤ ਅਹਮਦਿੱਯਾ ਦੇ ਲੋਕ ਵੀ ਇਸ ਗੱਲ ਨੂੰ ਸਮਝਦੇ ਹਨ ਕਿ ਮਾਲੀ ਕ਼ੁਰਬਾਨੀਆਂ ਦੀ ਕਿ ਅਹਿਮੀਅਤ ਹੈ। ਅਕਸਰ ਮੈਂ ਵਾਕ਼ਿਆਤ ਬਿਆਨ ਕਰਦਾ ਹਾਂ। ਕੁੱਝ ਲੋਕ **ਹਕ਼ੀਕ਼ਤ** ਵਿੱਚ, ਉਨ੍ਹਾਂ ਦੇ ਕੋਲ਼ ਜੋ ਕੁੱਝ ਵੀ ਹੁੰਦਾ ਹੈ, ਉਹ ਪੇਸ਼ ਕਰ ਦਿੰਦੇ ਹਨ। ਅਮੀਰਾਂ ਨੂੰ ਵੀ, ਸਾਹਿਬਿ ਹੈਸੀਅਤ ਲੋਕਾਂ ਨੂੰ ਵੀ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੇ ਨਮੂਨੇ ਆਪਣੇ ਸਾਹਮਣੇ ਰੱਖਣੇ ਚਾਹੀਦੇ ਹਨ। ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਬਹੁਤ ਸਾਰੇ ਅਮੀਰ ਅਜਿਹੇ ਹਨ ਜਿਹੜੇ ਉੱਚੇ ਮਿਆਰ ਦੀਆਂ ਕ਼ੁਰਬਾਨੀਆਂ ਕਰ ਰਹੇ ਹਨ।

ਇਸ ਮੌਕ਼ੇ ‘ਤੇ ਅਮੀਰ ਸਹਾਬਾ ਦੇ ਨਾਲ਼ ਗ਼ਰੀਬ ਸਹਾਬਾ ਨੇ ਵੀ ਤੌਫ਼ੀਕ਼ ਦੇ ਮੁਤਾਬਿਕ਼ ਮਾਲੀ ਕ਼ੁਰਬਾਨੀਆਂ ਪੇਸ਼ ਕੀਤੀਆਂ। ਮੁਨਾਫ਼ਿਕ਼ ਇਨ੍ਹਾਂ ਗ਼ਰੀਬ ਸਹਾਬਾ ਦੀਆਂ ਕ਼ੁਰਬਾਨੀਆਂ ਦਾ **ਮਖ਼ੌਲ** ਉਡਾਉਂਦੇ ਕਿ ਇਹ ਮੁੱਠੀ ਭਰ ਅਨਾਜ ਪੇਸ਼ ਕਰਕੇ ਰੋਮੀਆਂ ਨਾਲ਼ ਜੰਗ ਦੀਆਂ ਤਿਆਰੀਆਂ ਕਰ ਰਹੇ ਹਨ। ਔਰਤਾਂ ਨੇ ਵੀ ਇਸ ਮੌਕ਼ੇ ‘ਤੇ ਆਪਣੇ **ਗਹਿਣੇ** ਪੇਸ਼ ਕਰਕੇ ਮਾਲੀ ਕ਼ੁਰਬਾਨੀ ਵਿੱਚ ਹਿੱਸਾ ਲਿਆ।

ਮੁਨਾਫ਼ਿਕ਼ਾਂ ਨੇ ਆਪਣੇ ਵੱਲੋਂ **ਭਰਪੂਰ** ਜ਼ੋਰ ਲਾਇਆ ਅਤੇ ਮੁਸਲਮਾਨਾਂ ਨੂੰ ਜੰਗ ‘ਤੇ ਜਾਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਮੁਨਾਫ਼ਿਕ਼ ਕਹਿੰਦੇ ਸਨ ਕਿ ਗਰਮੀ **ਸ਼ਦੀਦ** ਹੈ, ਜਿਸ ਦੁਸ਼ਮਣ ਨਾਲ਼ ਜੰਗ ਪੇਸ਼ ਆਉਣ ਵਾਲੀ ਹੈ ਉਹ ਬਹੁਤ **ਤਾਕ਼ਤਵਰ** ਹੈ। ਮਦੀਨੇ ਦੇ ਲੋਕ ਜ਼ਿਮੀਂਦਾਰ ਸਨ ਅਤੇ ਫ਼ਸਲਾਂ ਤਿਆਰ ਖੜੀਆਂ ਸਨ। ਬਹਰਹਾਲ ਮੁਨਾਫ਼ਿਕ਼ ਲੋਕਾਂ ਨੂੰ ਜੰਗ ‘ਤੇ ਜਾਣ ਤੋਂ ਰੋਕਦੇ ਸਨ ਪਰ ਮੁਖ਼ਲਿਸ ਸਹਾਬਾ ‘ਤੇ ਉਨ੍ਹਾਂ ਦੇ **ਪ੍ਰੋਪਗੰਡੇ** ਦਾ ਅਸਰ ਨਾ ਹੁੰਦਾ ਸੀ।

ਮੁਨਾਫ਼ਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਪੇਸ਼ ਹੁੰਦੇ ਅਤੇ ਜੰਗ ‘ਤੇ ਨਾ ਜਾਣ ਦੇ ਲਈ ਬਹਾਨਾ ਪੇਸ਼ ਕਰਦੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਸਭ ਨੂੰ ਇਜਾਜ਼ਤ ਦੇ ਦਿੰਦੇ। ਫਿਰ ਵੀ ਕ਼ੁਰਆਨ ਕਰੀਮ ਨੇ ਉਨ੍ਹਾਂ ਸਭ ਮੁਨਾਫ਼ਿਕ਼ਾਂ ਦੀ **ਪਰਦਾਦਰੀ** ਕਰ ਦਿੱਤੀ। ਕ਼ੁਰਆਨ ਕਰੀਮ ਵਿੱਚ ਅੱਲਾਹ ਤਆਲਾ ਨੇ ਫ਼ਰਮਾਇਆ ਕਿ ਜੇਕਰ ਫ਼ਾਸਲਾ ਕ਼ਰੀਬ ਦਾ ਹੁੰਦਾ ਅਤੇ ਸਫ਼ਰ ਆਸਾਨ ਹੁੰਦਾ ਤਾਂ ਉਹ ਜ਼ਰੂਰ ਤੇਰੇ ਪਿੱਛੇ ਚਲਦੇ ਪਰ **ਮੁਸ਼ੱਕ਼ਤ** ਉਠਾਉਣਾ ਉਨ੍ਹਾਂ ਤੋਂ ਬਹੁਤ ਦੂਰ ਹੈ। ਉਹ ਜ਼ਰੂਰ ਅੱਲਾਹ ਦੀਆਂ ਕ਼ਸਮਾਂ ਖਾਣਗੇ ਕਿ ਜੇਕਰ ਸਾਨੂੰ ਤੌਫ਼ੀਕ਼ ਹੁੰਦੀ ਤਾਂ ਅਸੀਂ ਜ਼ਰੂਰ ਤੁਹਾਡੇ ਨਾਲ਼ ਨਿਕਲ਼ਦੇ। ਉਹ ਆਪਣੀਆਂ ਹੀ ਜਾਨਾਂ ਨੂੰ ਹਲਾਕ ਕਰ ਰਹੇ ਹਨ ਅਤੇ ਅੱਲਾਹ ਜਾਣਦਾ ਹੈ ਕਿ ਉਹ ਜ਼ਰੂਰ ਝੂਠੇ ਲੋਕ ਹਨ। ਅੱਲਾਹ ਤੇਰੇ ਤੋਂ ਦਰ ਗੁਜ਼ਰ ਕਰੇ ਤੂੰ ਉਨ੍ਹਾਂ ਨੂੰ ਇਜਾਜ਼ਤ ਕਿਉਂ ਦਿੱਤੀ, ਇੱਥੋਂ ਤੱਕ ਕਿ ਉਨ੍ਹਾਂ ਲੋਕਾਂ ਦਾ ਤੈਨੂੰ ਚੰਗੀ ਤਰ੍ਹਾਂ ਪਤਾ ਲੱਗ ਜਾਂਦਾ ਜਿਹੜੇ ਸੱਚ ਕਹਿੰਦੇ ਸਨ ਅਤੇ ਤੂੰ ਝੂਠਿਆਂ ਨੂੰ ਵੀ ਪਹਿਚਾਣ ਲੈਂਦਾ। ਜਿਹੜੇ ਲੋਕ **ਅੱਲਾਹ** ਅਤੇ **ਆਖ਼ਿਰਤ** ਦੇ ਦਿਨ ‘ਤੇ ਇਮਾਨ ਲਿਆਉਂਦੇ ਹਨ ਉਹ ਤੇਰੇ ਕੋਲ਼ੋਂ ਆਪਣੀਆਂ ਜਾਨਾਂ ਅਤੇ ਮਾਲਾਂ ਦੇ ਨਾਲ਼ ਜਿਹਾਦ ਕਰਨ ਤੋਂ ਰੁਖ਼ਸਤ ਨਹੀਂ ਮੰਗਦੇ ਅਤੇ ਅੱਲਾਹ ਮੁੱਤਕ਼ੀਆਂ ਨੂੰ ਖ਼ੂਬ ਜਾਣਦਾ ਹੈ। ਸਿਰਫ਼ ਉਹੀ ਲੋਕ ਤੇਰੇ ਕੋਲ਼ੋਂ

ਰੁਖ਼ਸਤ ਮੰਗਦੇ ਹਨ ਜਿਹੜੇ **ਅੱਲਾਹ** ਅਤੇ **ਆਖ਼ਿਰਤ** ਦੇ ਦਿਨ ‘ਤੇ ਇਮਾਨ ਨਹੀਂ ਰੱਖਦੇ ਅਤੇ ਉਨ੍ਹਾਂ ਦੇ ਦਿਲ ਸ਼ੱਕ ਵਿੱਚ ਹਨ ਅਤੇ ਉਹ ਆਪਣੇ ਸ਼ੱਕ ਵਿੱਚ ਪਏ ਹੋਏ ਹਨ। ਅਤੇ ਜੇਕਰ ਉਨ੍ਹਾਂ ਦਾ ਜਿਹਾਦ ‘ਤੇ ਨਿਕਲਣ ਦਾ ਇਰਾਦਾ ਹੁੰਦਾ ਤਾਂ ਉਹ ਜ਼ਰੂਰ ਉਸ ਦੀਆਂ ਤਿਆਰੀਆਂ ਵੀ ਕਰਦੇ ਪਰ ਅੱਲਾਹ ਨੇ ਪਸੰਦ ਹੀ ਨਹੀਂ ਕੀਤਾ ਕਿ ਉਹ ਇਸ ਉਚੇਰੇ **ਮਕ਼ਸਦ** ਦੇ ਲਈ ਉੱਠ ਖੜੇ ਹੋਣ। ਅਤੇ ਉਸਨੇ ਉਨ੍ਹਾਂ ਨੂੰ ਉੱਥੇ ਪਿਆ ਰਹਿਣ ਦਿੱਤਾ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਬੈਠੇ ਰਹੋ ਬੈਠੇ ਰਹਿਣ ਵਾਲਿਆਂ ਦੇ ਨਾਲ਼। ਜੇਕਰ ਉਹ ਤੁਹਾਡੇ ਵਿੱਚ ਸ਼ਾਮਿਲ ਹੋ ਕੇ ਜਿਹਾਦ ‘ਤੇ ਨਿਕਲ਼ਦੇ ਤਾਂ **ਬਦ ਨਜ਼ਮੀ** ਦੇ ਸਿਵਾ ਤੁਹਾਨੂੰ ਕਿਸੇ ਚੀਜ਼ ਵਿੱਚ ਨਾ ਵਧਾਉਂਦੇ ਅਤੇ ਤੁਹਾਡੇ ਦਰਮਿਆਨ ਤੇਜ਼ ਤੇਜ਼ ਸਵਾਰੀਆਂ ਦੜ੍ਹਾਉਂਦੇ, ਤੁਹਾਡੇ ਲਈ ਫ਼ਿਤਨਾ ਚਾਹੁੰਦੇ ਹੋਏ। ਜਦ ਕਿ ਤੁਹਾਡੇ ਦਰਮਿਆਨ ਉਨ੍ਹਾਂ ਦੀਆਂ ਗੱਲਾਂ ਬਗ਼ੌਰ ਸੁਣਨ ਵਾਲ਼ੇ ਵੀ ਹਨ ਅਤੇ ਅੱਲਾਹ **ਜ਼ਾਲਿਮਾਂ** ਨੂੰ ਜ਼ਰੂਰ ਜਾਣਦਾ ਹੈ। ਯਕ਼ੀਨਨ ਪਹਿਲਾਂ ਵੀ ਉਹ **ਫ਼ਿਤਨਾ** ਚਾਹੁੰਦੇ ਸਨ ਅਤੇ ਉਨ੍ਹਾਂ ਨੇ ਤੇਰੇ ਸਾਹਮਣੇ ਮਾਮਲੇ ਉਲਟ ਪਲਟ ਕੇ ਪੇਸ਼ ਕੀਤੇ ਇੱਥੋਂ ਤੱਕ ਕਿ ਹੱਕ਼ ਆ ਗਿਆ ਤੇ ਅੱਲਾਹ ਦਾ ਫ਼ੈਸਲਾ ਜ਼ਾਹਿਰ ਹੋ ਗਿਆ ਜਦਕਿ ਉਹ ਉਸ ਨੂੰ ਸਖ਼ਤ ਨਾ ਪਸੰਦ ਕਰ ਰਹੇ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਦੀ ਬਾਕ਼ੀ ਤਫ਼ਸੀਲ ਮੈਂ ਇੰਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

**ਰਬਵਾ** ਦੀ ਮਸਜਿਦ ‘ਤੇ ਹਮਲੇ ਦੇ ਨਤੀਜੇ ਵਿੱਚ ਜ਼ਖ਼ਮੀ ਹੋਣ ਵਾਲ਼ੇ ਬਹਾਦੁਰ ਖ਼ੁੱਦਾਮ ਦਾ ਜ਼ਿਕਰ ਕਰਦੇ ਹੋਏ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਰਬਵਾ ਦੀ ਮਸਜਿਦ ‘ਤੇ ਹਮਲੇ ਦਾ ਮੈਂ ਜ਼ਿਕਰ ਕੀਤਾ ਸੀ। ਜਿਹੜੇ ਅਹਿਮਦੀ ਖ਼ੁੱਦਾਮ **ਜ਼ਖ਼ਮੀ** ਹਨ, ਉਨ੍ਹਾਂ ਦੇ ਲਈ ਵੀ ਦੁਆ ਕਰੋ ਅੱਲਾਹ ਤਆਲਾ ਉਨ੍ਹਾਂ ਨੂੰ **ਮੁਕੰਮਲ** ਸਿਹਤ ਅਤਾ ਫ਼ਰਮਾਵੇ। ਅੱਲਾਹ ਤਆਲਾ ਬਾਅਦ ਦੀ ਵੀ ਹਰ **ਪੇਚੀਦਗੀ** ਤੋਂ ਉਨ੍ਹਾਂ ਨੂੰ ਬਚਾਵੇ। ਇਸ ਵੇਲ਼ੇ ਤਿੰਨ ਖ਼ੁੱਦਾਮ ਜ਼ਿਆਦਾ ਜ਼ਖ਼ਮੀ ਹਨ ਅਤੇ ਹਸਪਤਾਲ ਵਿੱਚ ਦਾਖ਼ਿਲ ਹਨ ਅਤੇ ਬਾਕ਼ੀ ਪੰਜ ਜਿਹੜੇ ਸਨ ਉਨ੍ਹਾਂ ਨੂੰ ਇਲਾਜ ਕਰਕੇ ਘਰ ਭੇਜ ਦਿੱਤਾ ਗਿਆ ਹੈ। ਪਰ ਉਨ੍ਹਾਂ ਦੇ **ਜ਼ਖ਼ਮ** ਭਰਨ ਵਿੱਚ ਅਜੇ ਵੀ ਵਕ਼ਤ ਲੱਗੇਗਾ। ਅੱਲਾਹ ਤਆਲਾ ਉਨ੍ਹਾਂ ਸਭ ਨੂੰ ਮੁਕੰਮਲ **ਸ਼ਿਫ਼ਾ** ਅਤਾ ਫ਼ਰਮਾਵੇ। ਅਤੇ ਆਇੰਦਾ ਜਮਾਅਤ ਦੇ ਅਫ਼ਰਾਦ ਨੂੰ ਹਰ ਜਗ੍ਹਾ, ਹਰ ਨੁਕ਼ਸਾਨ ਤੋਂ ਮਹਿਫ਼ੂਜ਼ ਰੱਖੇ।

**ਆਖ਼ਿਰ** ‘ਤੇ ਹਜ਼ੂਰ ਅਨਵਰ ਨੇ ਇੱਕ ਮਰਹੂਮ ਮੁਕੱਰਮ ਸਾਮ ਅਲੀ ਨੈਨਾ ਸਾਹਿਬ ਆਫ਼ ਮਾਰਸ਼ਲ ਆਈਲੈਂਡ ਦਾ ਜ਼ਿਕਰਿ ਖ਼ੈਰ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ। ਹਜ਼ੂਰ ਅਨਵਰ ਨੇ ਮਰਹੂਮ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ ਫ਼ਰਮਾਇਆ ਕਿ ਉਨ੍ਹਾਂ ਦੇ **ਖ਼ਾਨਦਾਨ** ਦੇ ਕੁੱਝ ਲੋਕ ਅਹਮਦੀ ਨਹੀਂ ਹਨ। ਅੱਲਾਹ ਤਆਲਾ ਉਨ੍ਹਾਂ ਨੂੰ ਵੀ ਤੌਫ਼ੀਕ਼ ਦੇਵੇ ਕਿ ਉਹ ਵੀ ਅਹਿਮਦੀ ਹੋ ਜਾਣ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّئَاتِ أَعْمَالِنَا مَنْ
يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ
تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞